# 49
# ਜਗਤ ਨੂੰ ਉਲਟਾ ਦੇਣਾ
# (17:6)

ਯਹੂਦੀਆਂ ਨੇ ਥੱਸਲੁਨੀਕੇ ਵਿਚ ਮਸੀਹੀ ਲੋਕਾਂ ਨੂੰ ਫੜਿਆ ਅਤੇ ਧੂਅ ਕੇ ਉਨ੍ਹਾਂ ਨੂੰ ਅਧਿਕਾਰੀਆਂ ਦੇ ਸਾਹਮਣੇ ਲਿਆਉਂਦਿਆਂ ਇਲਜ਼ਾਮ ਲਾਇਆ ਕਿ ''ਇਹ ਲੋਕ ਜਿਨ੍ਹਾਂ ਜਗਤ ਨੂੰ ਉਲਟਾ ਦਿੱਤਾ ਹੈ ਇੱਥੇ ਵੀ ਆਏ ਹਨ!'' (ਰਸੂਲਾਂ ਦੇ ਕੰਮ 17:6)।[1] ਇਨ੍ਹਾਂ ਸ਼ਬਦਾਂ ਵਿਚ ਸਾਡੇ ਉੱਤੇ ਗੰਭੀਰ ਇਲਜ਼ਾਮ ਲਾਇਆ ਗਿਆ ਹੈ। ਭਲਾ ਅਸੀਂ ''ਜਗਤ ਨੂੰ ਉਲਟਾ ਦਿੱਤਾ ਹੈ''? ਭਲਾ ਅਸੀਂ ਇਸ ਨੂੰ ਜ਼ਰਾ ਜਿੰਨਾ ਹਿਲਾਇਆ ਵੀ ਹੈ? ਕਿਸੇ ਨੇ ਕਿਹਾ ਹੈ ਕਿ ਪਹਿਲੀ ਸਦੀ ਦੀ ਕਲੀਸੀਆ ਦੀ ਤੁਲਨਾ ਅੱਜ ਦੀ ਕਲੀਸੀਆ ਨਾਲ ਕਰਨਾ, ਕਿਸੇ ਪ੍ਰਮਾਣੂ ਹਥਿਆਰ ਦੀ ਬੋਲ਼ਾ ਕਰ ਦੇਣ ਵਾਲੀ ਗੂੰਜ ਦੀ ਤੁਲਨਾ ਕਿਸੇ ਖਿਡੌਣਾ ਪਿਸਤੌਲ ਦੀ ਮਾਮੂਲੀ ਕੜਕ ਦੀ ਅਵਾਜ਼ ਨਾਲ ਕਰਨ ਵਾਂਗ ਹੈ।[2]

ਸ਼ਾਇਦ ਅਸੀਂ ਵਿਰੋਧ ਕਰੀਏ ਕਿ ''ਜੇ ਸਾਨੂੰ ਐਨਾ ਪਤਾ ਹੁੰਦਾ ਕਿ ਜੋ ਪਹਿਲੀ ਕਲੀਸੀਆ ਨੂੰ ਮਿਲਿਆ ਉਹ *ਕਿਵੇਂ* ਹੋਇਆ ਤਾਂ ਅਸੀਂ ਵੀ ਓਵੇਂ ਹੀ ਕਰਦੇ।'' ਪਹਿਲੀ ਕਲੀਸੀਆ ਦੀ ਸ਼ਕਤੀ ਦੇ ''ਭੇਤ'' ਨੂੰ ਲੱਭਣਾ ਔਖਾ ਨਹੀਂ ਹੈ। ਰਸੂਲਾਂ ਦੇ ਕੰਮ ਕਿਤਾਬ ਨੂੰ ਸਰਸਰੀ ਤੌਰ ਤੇ ਪੜ੍ਹਨ ਨਾਲ ਹੀ ਉਨ੍ਹਾਂ ਖ਼ੂਬੀਆਂ ਦਾ ਪਤਾ ਲੱਗ ਜਾਵੇਗਾ ਜਿਨ੍ਹਾਂ ਕਰਕੇ ਉਨ੍ਹਾਂ ਨੂੰ ਕਾਮਯਾਬੀ ਮਿਲੀ।

## ਮਸੀਹੀਅਤ ਪ੍ਰਤੀ ਰਵੱਈਆ

ਅਰੰਭਿਕ ਮਸੀਹੀ ਲੋਕਾਂ ਲਈ ਮਸੀਹੀਅਤ ਕੋਈ ਦਿਮਾਗ਼ੀ ਮੁਕਤੀ ਨਹੀਂ ਸੀ ਸਗੋਂ ਇਹ ਤਾਂ ਮਸੀਹ ਦੀ ਖ਼ਾਤਿਰ ਦੁੱਖ ਝੱਲਣ ਦਾ ਦੂਜਾ ਨਾਂਅ ਸੀ। ਇਹ ਜ਼ਿੰਦਗੀ ਦਾ *ਕੋਈ* ਢੰਗ ਨਹੀਂ ਸਗੋਂ ਜ਼ਿੰਦਗੀ ਦਾ ਇੱਕੋ *ਢੰਗ* ਸੀ। ਇਹ ਕੁਝ ਖ਼ਾਸ ਹਾਲਾਤ ਤੇ ਵਿਚਾਰ ਕਰਨ ਦਾ ਨਹੀਂ ਸਗੋਂ ਹਰ ਹਾਲਾਤ ਵਿਚ ਵਿਚਾਰ ਕਰਨ ਦਾ ਖ਼ਾਸ ਤਰੀਕਾ ਸੀ (ਗਲਾਤੀਆਂ 2:20)। ਨਤੀਜੇ ਵੱਜੋਂ, ਅਰੰਭਿਕ ਮਸੀਹੀ ਆਪਣਾ ਸਭ ਕੁਝ ਦੇਣ ਲਈ ਤਿਆਰ ਸਨ: ਉਨ੍ਹਾਂ ਨੇ ਆਪਣੀਆਂ ਜਾਇਦਾਦਾਂ ਵੇਚ ਕੇ ਦੂਜਿਆਂ ਨੂੰ ਦੇ ਦਿੱਤੀਆਂ (ਰਸੂਲਾਂ ਦੇ ਕੰਮ 5)। ਉਨ੍ਹਾਂ ਨੇ ਆਪਣੇ ਘਰ, ਆਪਣੇ ਪਰਿਵਾਰ ਅਤੇ ਨੌਕਰੀਆਂ ਤਕ ਛੱਡ ਦਿੱਤੀਆਂ (ਰਸੂਲਾਂ ਦੇ ਕੰਮ 8)। ਕਈਆਂ ਨੇ ਤਾਂ ਜ਼ਿੰਦਗੀ ਹੀ ਛੱਡ ਦਿੱਤੀ (ਰਸੂਲਾਂ ਦੇ ਕੰਮ 7; 12)। ਜਿਸ ਦਾ ਨਤੀਜਾ ਇਹ ਹੋਇਆ ਕਿ ਕਲੀਸੀਆ ਬੜੀ ਤੇਜ਼ੀ ਨਾਲ ਵਧੀ।

''ਪਰ ਯਕੀਨਨ ਹੀ ਖ਼ੁਦਾ ਸਾਥੋਂ ਐਨੀ ਵੱਡੀ ਉਮੀਦ ਨਹੀਂ ਕਰਦਾ!'' ਤੁਹਾਨੂੰ ਅਜਿਹਾ ਲੱਗ ਸਕਦਾ ਹੈ। ਤੁਹਾਨੂੰ ਕਿਵੇਂ ਪਤਾ? ਤੁਹਾਡੇ ਲਈ ਮਸੀਹੀਅਤ ਦਾ ਕੀ ਮਤਲਬ ਹੈ? ਭਲਾ ਤੁਸੀਂ ਇਸ ਨੂੰ ਸਾਰੀ ਦੁਨੀਆਂ ਵਿਚ ਪਹੁੰਚਾਉਣ ਲਈ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਹੋ?

## ਜ਼ਿੰਦਗੀ ਪ੍ਰਤੀ ਰਵੱਈਆ

ਮਸੀਹੀਅਤ ਪ੍ਰਤੀ ਅਰੰਭਿਕ ਮਸੀਹੀਆਂ ਦੇ ਵਿਹਾਰ ਨੇ ਜ਼ਿੰਦਗੀ ਪ੍ਰਤੀ ਉਨ੍ਹਾਂ ਦਾ ਰਵੱਈਆ ਬਦਲ ਦਿੱਤਾ। ਉਨ੍ਹਾਂ ਨੂੰ ਯਿਸੂ ਵਿਚ ਨਵੀਂ ਜ਼ਿੰਦਗੀ ਮਿਲੀ ਸੀ (ਰੋਮੀਆਂ 6:3-6) ਅਤੇ ਉਨ੍ਹਾਂ ਨੇ ਇਸ ਨੂੰ ਬੜੀ ਗੰਭੀਰਤਾ ਨਾਲ ਲਿਆ ਸੀ (ਰਸੂਲਾਂ ਦੇ ਕੰਮ 19:19, 20)। ਇਹਦੇ ਲਈ ਉਹ ਕੋਈ ਸਮਝੌਤਾ ਨਹੀਂ ਕਰ ਸਕਦੇ ਸਨ। ਇਕ ਅਧਿਕਾਰੀ ਨੇ ਤਾਂ ਇੱਥੋਂ ਤਕ ਕਿਹਾ ਹੈ ਕਿ ਕਲੀਸੀਆ ਦੇ ਸ਼ੁਰੂਆਤੀ ਦਿਨਾਂ ਵਿਚ, ਜੇ ਕੋਈ ਬਿਨਾਂ ਕਿਸੇ ਵਜ੍ਹਾ ਦੇ ਲਗਾਤਾਰ ਤਿੰਨ ਬੰਦਗੀਆਂ ਵਿਚ ਨਾ ਜਾਂਦਾ ਤਾਂ ਉਹਦੀ ਸੰਗਤੀ ਆਪਣੇ ਆਪ ਹੀ ਖ਼ਤਮ ਹੋ ਜਾਂਦੀ ਸੀ।[3]

ਦੁਨੀਆਂ ਦੇ ਲੋਕਾਂ ਨੂੰ ਅਸੀਂ ਤਦ ਤਕ ਪ੍ਰਭਾਵਿਤ ਨਹੀਂ ਕਰ ਸਕਦੇ ਜਦ ਤਕ ਅਸੀਂ ਦੁਨੀਆਂ ਤੋਂ ਕੁਝ ਵੱਖਰਾ ਨਹੀਂ ਕਰਦੇ! ਕਈ ਸਾਲ ਪਹਿਲਾਂ ਦੀ ਗੱਲ ਹੈ, ਇਕ ਪ੍ਰਚਾਰਕ ਨੇ ਛੇ ਭਾਰਤੀ ਕਬੀਲਿਆਂ ਦੇ ਸਰਦਾਰ ਕੋਲ ਜਾ ਕੇ ਲੋਕਾਂ ਵਿਚ ਪ੍ਰਚਾਰ ਦਾ ਕੰਮ ਕਰਨ ਦੀ ਇਜਾਜ਼ਤ ਮੰਗੀ। ਉਸ ਨੂੰ ਜਵਾਬ ਇਕ ਭਾਸ਼ਣ ਦੇ ਰੂਪ ਵਿਚ ਮਿਲਿਆ। ਹੇਠਾਂ ਉਸ ਦੇ ਕੁਝ ਅੰਸ਼ ਦਿੱਤੇ ਜਾ ਰਹੇ ਹਨ:

> ਹੇ ਭਾਈ, ਸਾਨੂੰ ਦੱਸਿਆ ਗਿਆ ਹੈ ਕਿ ਤੁਸੀਂ ਇੱਥੇ ਗੋਰੇ ਲੋਕਾਂ ਵਿਚ ਪ੍ਰਚਾਰ ਕਰ ਰਹੇ ਹੋ। ਇਹ ਲੋਕ ਸਾਡੇ ਗੁਆਂਢੀ ਹਨ। ਅਸੀਂ ਉਨ੍ਹਾਂ ਨੂੰ ਜਾਣਦੇ ਹਾਂ। ਅਸੀਂ ਥੋੜ੍ਹੀ ਦੇਰ ਇੰਤਜ਼ਾਰ ਕਰਕੇ ਵੇਖਾਂਗੇ ਕਿ ਉਨ੍ਹਾਂ ਤੇ ਤੁਹਾਡੇ ਪ੍ਰਚਾਰ ਦਾ ਕੀ ਅਸਰ ਹੁੰਦਾ ਹੈ। ਜੇ ਸਾਨੂੰ ਲੱਗੇ ਕਿ ਇਸ ਨਾਲ ਉਨ੍ਹਾਂ ਦਾ ਭਲਾ ਹੋਇਆ ਹੈ ਭਾਵ ਉਹ ਇਮਾਨਦਾਰ ਬਣ ਗਏ ਹਨ ਅਤੇ ਉਨ੍ਹਾਂ ਨੇ ਭਾਰਤੀ ਲੋਕਾਂ ਨੂੰ ਧੋਖਾ ਦੇਣਾ ਬੰਦ ਕਰ ਦਿੱਤਾ ਹੈ ਤਾਂ ਅਸੀਂ ਤੁਹਾਡੀ ਗੱਲ ਤੇ ਗ਼ੌਰ ਕਰਾਂਗੇ।

## ਦੂਜਿਆਂ ਪ੍ਰਤੀ ਰਵੱਈਆ

ਵਿਆਹ ਤੋਂ ਪਹਿਲਾਂ ਮੈਂ ਅਬਿਲੇਨ, ਟੈਕਸਸ ਵਿਚ ਰਹਿੰਦਾ ਸਾਂ ਅਤੇ ਜੋਅ ਮੂਰ, ਓਕਲਾਹੋਮਾ ਵਿਚ ਰਹਿੰਦੀ ਸੀ। ਮੇਰੀਆਂ ਚਿੱਠੀਆਂ ਵਿਚ ਦੋ ਮੁੱਖ ਗੱਲਾਂ ਹੁੰਦੀਆਂ ਸਨ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਇਕ ਚਿੱਠੀ ਵਿਚ ਮੈਂ ਲਿਖਿਆ ਸੀ: ਮੈਂ ਕਿਹਾ ਕਿ ਮੈਂ ਜੋ ਵੀ ਲਿਖਿਆ ਹੋਵੇ ਮੈਨੂੰ ਉਮੀਦ ਸੀ ਕਿ ਉਹ ਉਸ ਵਿਚ ਉਸ ਪਿਆਰ ਨੂੰ ਜੋ ਮੈਂ ਉਸ ਨਾਲ ਕਰਦਾ ਸਾਂ, ''ਉਨ੍ਹਾਂ ਸਤਰਾਂ ਵਿਚ ਪੜ੍ਹ ਲਵੇਗੀ।'' ਮੈਂ ਹੋਰ ਲਿਖਿਆ ਸੀ: ''ਇਸ ਚਿੱਠੀ ਵਿਚ ਤੈਨੂੰ ਕਲਪਨਾ ਨਹੀਂ ਕਰਨੀ ਪਵੇਗੀ।'' ਫਿਰ ਮੈਂ ਲਾਲ ਪੈੱਨ ਲੈ ਕੇ ਚਿੱਠੀ ਵਿਚ ਸਾਰੀਆਂ ਸਤਰਾਂ ਦੇ ਵਿਚਕਾਰ ਲਿਖ ਦਿੱਤਾ, ''ਮੈਂ ਤੈਨੂੰ ਪਿਆਰ ਕਰਦਾ ਹਾਂ, ਤੈਨੂੰ ਪਿਆਰ ਕਰਦਾ ਹਾਂ, ਮੈ ਤੈਨੂੰ ਪਿਆਰ ਕਰਦਾ ਹਾਂ।'' ਰਸੂਲਾਂ ਦੇ ਕੰਮ ਕਿਤਾਬ ਵਿਚ ''ਪਿਆਰ'' ਸ਼ਬਦ ਤਾਂ ਨਹੀਂ ਮਿਲੇਗਾ ਪਰ ਜਿਵੇਂ ਇਹ ਲਿਖੀ ਗਈ ਹੈ ਉਸ ਤੋਂ ਇਸ ਕਿਤਾਬ ਦੀ ਹਰ ਸਤਰ 'ਚ ਖ਼ੁਦਾ ਦਾ ਇਨਸਾਨ ਨਾਲ ਪਿਆਰ ਅਤੇ ਮੁਢਲੇ ਮਸੀਹੀਆਂ ਦਾ ਖ਼ੁਦਾ ਅਤੇ ਲੋਕਾਂ ਨਾਲ ਪਿਆਰ ਨਜ਼ਰ ਆਉਂਦਾ ਹੈ।

ਮੂਰਤੀਪੂਜਕਾਂ ਲਈ, ਇਹ ਮਸੀਹੀਅਤ ਦੀਆਂ ਸਭ ਤੋਂ ਹੈਰਾਨ ਕਰਨ ਵਾਲੀਆਂ ਖ਼ੂਬੀਆਂ ਵਿੱਚੋਂ ਇਕ ਸੀ। ਮੂਰਤੀਪੂਜਕ ਸੰਸਾਰ ਵਿਚ, ਦੱਬੇ ਕੁਚਲਿਆਂ ਨੂੰ ਪੈਰਾਂ ਹੇਠਾਂ ਲਤਾੜ ਕੇ; ਬੀਮਾਰ ਅਤੇ ਬੇਸਹਾਰਾ ਲੋਕਾਂ ਨੂੰ ਅਣਗੌਲਿਆਂ ਕਰਕੇ ਅਤੇ ਦੁਸ਼ਮਣਾਂ ਨਾਲ ਦੁਸ਼ਮਣਾਂ ਵਾਲਾ ਵਤੀਰਾ ਕੀਤਾ ਜਾਂਦਾ ਸੀ। ਜਿਵੇਂ ''ਕੁੱਤਾ ਕੁੱਤੇ ਦਾ ਵੈਰੀ ਹੈ।'' ਇਹਦੇ ਉਲਟ ਮਸੀਹੀ ਲੋਕ ਪਿਆਰ ਕਰਦੇ

ਸਨ। ਰੋਮੀ ਸਰਕਾਰ ਨੇ ਮਸੀਹੀਅਤ ਨਾਲ ਤਲਵਾਰ ਨਾਲ ਮੁਲਾਕਾਤ ਕੀਤੀ ਸੀ ਪਰ ਮਸੀਹੀਅਤ ਨੇ ਰੋਮ ਨੂੰ ਪਿਆਰ ਨਾਲ ਗਲੇ ਲਾਇਆ ਅਤੇ ਉਸ ਨੇ ਉਸ ਨੂੰ ਜਿੱਤ ਲਿਆ। ਇਤਿਹਾਸਕਾਰ ਰਿਜਪਤ ਦਾ ਮੰਨਣਾ ਸੀ ਕਿ ਮੁਢਲੀ ਕਲੀਸੀਆ ਦੇ ਵਾਧੇ ਦਾ ਮੁੱਖ ਕਾਰਣ ਇਹੀ ਸੀ।

ਅੱਜ ਅਸੀਂ ਫ਼ਿਲਾਸਫ਼ੀ ਦੇ ਦਰਮਿਆਨ ''ਅੱਵਲ ਨੰਬਰ'' ਤੇ ਰਹਿਣ ਦੀ ਹੋੜ ਵਾਲੇ ਸੰਸਾਰ ਵਿਚ ਰਹਿੰਦੇ ਹਾਂ। ਪਰ ਸੱਚੇ ਮਸੀਹੀ ਅੱਜ ਵੀ ਪਰਵਾਹ ਕਰਦੇ ਹਨ।

## ਸਿੱਖਿਆ ਪ੍ਰਤੀ ਰਵੱਈਆ

ਦੂਜਿਆਂ ਪ੍ਰਤੀ ਆਪਣੇ ਵਿਹਾਰ ਕਾਰਣ ਆਰੰਭਿਕ ਮਸੀਹੀ ਆਪਣੇ ਸਭ ਮਿਲਣ ਵਾਲਿਆਂ ਵਿਚ ਇੰਜੀਲ ਸੁਣਾਉਂਦੇ ਸਨ (ਮੱਤੀ 28:18-20;[4] ਰਸੂਲਾਂ ਦੇ ਕੰਮ 8:1, 4)। ਫਿਲਿੱਪ ਸੈਫ਼ ਨੇ ਆਰੰਭਿਕ ਕਲੀਸੀਆ ਦੇ ਵਾਧੇ ਦੇ ਮੁੱਖ ਕਾਰਣ ਦੇ ਰੂਪ ਵਿਚ ਦੱਸਿਆ:

> ਕਾਇਮ ਹੋਣ ਦੇ ਬਾਅਦ ਮਸੀਹੀਅਤ ਖੁਦ ਹੀ ਆਪਣੀ ਸਭ ਤੋਂ ਵਧੀਆ ਮਿਸ਼ਨਰੀ ਸੀ। ਇਹ ਕੁਦਰਤੀ ਤੌਰ ਤੇ ਅੰਦਰੋਂ ਹੀ ਵਧੀ। ਇਸ ਨੇ ਆਪਣੀ ਮੌਜੂਦਗੀ ਨਾਲ ਹੀ ਲੋਕਾਂ ਨੂੰ ਮੋਹਿਤ ਕੀਤਾ। ਹਰ ਮੰਡਲੀ ਇਕ ਮਿਸ਼ਨਰੀ ਸਮਾਜ ਵਾਂਗ ਸੀ। ਅਤੇ ਹਰ ਵਿਸ਼ਵਾਸੀ ਮਸੀਹੀ ਇਕ ਮਿਸ਼ਨਰੀ ਸੀ ਜਿਸ ਵਿਚ ਆਪਣੇ ਸਾਥੀਆਂ ਨੂੰ ਬਦਲਣ ਲਈ ਮਸੀਹ ਦੇ ਪਿਆਰ ਦੀ ਅੱਗ ਸੀ। ... ਸੈਲਸਸ ਸ਼ਫ਼ਿੰਗਲੀ ਟਿੱਪਣੀ ਕਰਦਾ ਹੈ ਕਿ ਉਨ ਭਰਨ ਵਾਲੇ ਅਤੇ ਚਮੜੇ ਦਾ ਕੰਮ ਕਰਨ ਵਾਲੇ, ਪੇਂਡੂ ਅਤੇ ਗਵਾਰ ਲੋਕ ਤਨੋਂ ਮਨੋਂ ਮਸੀਹੀਅਤ ਦਾ ਪ੍ਰਚਾਰ ਕਰ ਰਹੇ ਸਨ। ... ਔਰਤਾਂ ਅਤੇ ਗ਼ੁਲਾਮਾਂ ਤਕ ਨੇ ਆਪਣੇ ਆਲੇ ਦੁਆਲੇ ਦੇ ਲੋਕਾਂ ਵਿਚ ਮਸੀਹ ਦੀ ਖ਼ਬਰ ਪਹੁੰਚਾ ਦਿੱਤੀ ਸੀ। ... ਹਰ ਮਸੀਹੀ ਨੇ ਆਪਣੇ ਗੁਆਂਢੀ ਨੂੰ, ਮਜ਼ਦੂਰ ਨੇ ਆਪਣੇ ਸਾਥੀ ਮਜ਼ਦੂਰ ਨੂੰ, ਗ਼ੁਲਾਮ ਨੇ ਆਪਣੇ ਨਾਲ ਦੇ ਗੁਲਾਮ ਨੂੰ, ਨੌਕਰ ਨੇ ਆਪਣੇ ਮਾਲਕ ਨੂੰ ਅਤੇ ਮਾਲਕਣ ਨੂੰ, ਆਪਣੀ ਮਨਬਦਲੀ ਦੀ ਕਹਾਣੀ ਇੰਜ ਦੱਸੀ ਜਿਵੇਂ ਮਲਾਹ ਬੇੜੇ ਦੇ ਟੁੱਟ ਜਾਣ ਤੇ ਆਪਣੇ ਬਚਣ ਦੀ ਕਹਾਣੀ ਦੱਸਦਾ ਹੈ।[5]

ਮਹਾਂ ਸਭਾ ਨੇ ਕਿਹਾ ਕਿ ਰਸੂਲਾਂ ਨੇ ਆਪਣੀ ਸਿੱਖਿਆ ਨਾਲ ਪੂਰੇ ਯਰੂਸ਼ਲਮ ਨੂੰ ਭਰ ਦਿੱਤਾ ਸੀ (ਰਸੂਲਾਂ ਦੇ ਕੰਮ 5:28)। ਭਲਾ ਅਸੀਂ ਦੁਨੀਆਂ ਨੂੰ, ਆਪਣੇ ਦੇਸ਼ ਨੂੰ, ਆਪਣੇ ਜ਼ਿਲ੍ਹੇ ਨੂੰ, ਆਪਣੇ ਸ਼ਹਿਰ ਨੂੰ, ਜਾਂ ਆਪਣੇ ਗੁਆਂਢ ਨੂੰ ਖੁਸ਼ਖ਼ਬਰੀ ਨਾਲ ਭਰ ਦਿੱਤਾ ਹੈ?

## ਦੁਆ ਪ੍ਰਤੀ ਰਵੱਈਆ

ਇਸ ਆਖ਼ਰੀ ਗੱਲ ਦੇ ਬਗ਼ੈਰ ਅਰੰਭਿਕ ਮਸੀਹੀਆਂ ਦਾ ਮਸੀਹੀਅਤ ਪ੍ਰਤੀ, ਆਪਣੀ ਜ਼ਿੰਦਗੀ ਪ੍ਰਤੀ ਅਤੇ ਹੋਰਨਾਂ ਪ੍ਰਤੀ ਅਤੇ ਸਿੱਖਿਆ ਪ੍ਰਤੀ ਕੋਈ ਅਸਰ ਨਹੀਂ ਹੋਣਾ ਸੀ। ਉਨ੍ਹਾਂ ਨੇ ਖ਼ੁਦਾ ਤੇ ਆਪਣੀ ਨਿਰਭਰਤਾ ਨੂੰ ਸਮਝ ਲਿਆ ਸੀ (4:24, 29)। ਭਲਾ ਲੋਕ ਸਾਨੂੰ ਦੁਆ ਕਰਨ ਵਾਲੇ ਲੋਕਾਂ ਦੇ ਰੂਪ ਵਿਚ ਜਾਣਦੇ ਹਨ? ਜੇ ਨਹੀਂ ਤਾਂ ਖ਼ੁਦਾ ਸਾਡੀ ਮਦਦ ਕਰੇ ਕਿ ਅਸੀਂ ਤੌਬਾ ਕਰਕੇ ਉਹਦੇ ਉੱਤੇ ਨਿਰਭਰ ਹੋਣਾ ਸਿੱਖੀਏ!

## ਸਾਰ

ਮੈਨੂੰ ਇਕ ਆਖ਼ਰੀ ਇਤਰਾਜ਼ ਸੁਣ ਰਿਹਾ ਹੈ: ''ਪਰ ਉਹ ਸਾਥੋਂ ਜ਼ਿਆਦਾ ਕਾਮਯਾਬ

ਇਸ ਕਰਕੇ ਸਨ ਕਿਉਂਕਿ ਉਸ ਸਮੇਂ ਕੰਮ ਕਰਨਾ *ਸੌਖਾ* ਸੀ!'' ਭਲਾ ਸੱਚਮੁੱਚ ਸੌਖਾ ਸੀ? *ਲੈਟਰਜ਼ ਟੂ ਯੰਗ ਚਰਚਜ਼* ਵਿਚ ਜੇ. ਬੀ. ਫ਼ਿਲਿੱਪਸ ਵੱਲੋਂ ਦਿੱਤੀ ਭੂਮਿਕਾ ਦੇ ਇਹ ਸ਼ਬਦ ਸੁਣੋ:

> ਚਾਹੀਦਾ ਹੈ ਕਿ ਇਹ ਚਿੱਠੀਆਂ ਲਿਖੀਆਂ ਗਈਆਂ ਸਨ ਅਤੇ ਜਿਨ੍ਹਾਂ ਲੋਕਾਂ ਦਾ ਇਨ੍ਹਾਂ ਵਿਚ ਜ਼ਿਕਰ ਹੈ ਉਹ ਬੁਤਪ੍ਰਸਤੀ 'ਚੋਂ ਨਿੱਕਲ ਕੇ ਆਏ ਸਨ। ਉਸ ਵੇਲੇ ਕਲੀਸੀਆ ਲਈ ਕੋਈ ਭਵਨ ਨਹੀਂ ਹੁੰਦਾ ਸੀ, ਕੋਈ ਐਤਵਾਰ ਨਹੀਂ ਸੀ [ਦੁਨੀਆਂ ਵੱਲੋਂ ਰੱਦ ਕੀਤਾ ਗਿਆ], ਇਮਾਨ ਦੀ ਕੋਈ ਕਿਤਾਬ ਨਹੀਂ ਸੀ। ਗ਼ੁਲਾਮੀ, ਭੋਗ-ਵਿਲਾਸ, ਜ਼ੁਲਮ, ਮਨੁੱਖੀ ਤਕਲੀਫ਼ ਦੇ ਪ੍ਰਤੀ ਬੇਦਰਦੀ ਅਤੇ ਲੋਕਾਂ ਦੇ ਘਟੀਆ ਵਿਚਾਰ ਹਰ ਥਾਂ ਸਨ। ਸਫ਼ਰ ਕਰਨਾ ਅਤੇ ਸੰਚਾਰ ਦੇ ਸਾਧਨ ਜੋਖ਼ਮ ਭਰੇ ਅਤੇ ਟਾਂਵੇਂ-ਟਾਂਵੇਂ ਮਿਲਦੇ ਸਨ ਕਿਉਂਕਿ ਬਹੁਤੇ ਲੋਕ ਅਨਪੜ੍ਹ ਸਨ। ਬਹੁਤੇ ਮਸੀਹੀ ਲੋਕਾਂ ਨੂੰ ਅੱਜ ''ਆਪਣੇ ਸਮੇਂ ਦੀਆਂ ਤਕਲੀਫ਼ਾਂ'' ਦੀ ਗੱਲ ਕਰਦਿਆਂ ਇਹ ਲਗਦਾ ਹੈ ਕਿ ਮਸੀਹੀ ਧਰਮ ਨੂੰ ਜੜ੍ਹ ਫ਼ੜਨ ਲਈ ਢੁਕਵੇਂ ਸਮੇਂ ਦੀ ਉਡੀਕ ਕਰਨੀ ਚਾਹੀਦੀ ਹੈ। ਇਹ ਯਾਦ ਕਰਨਾ ਦਲੇਰ ਕਰਨ ਵਾਲਾ ਹੈ ਕਿ ਇਸ ਵਿਸ਼ਵਾਸ ਨੇ ਉਨ੍ਹਾਂ ਹਾਲਾਤਾਂ ਵਿਚ ਜੜ੍ਹ ਫੜੀ ਅਤੇ ਜ਼ਬਰਦਸਤ ਤਰੱਕੀ ਕੀਤੀ, ਜਦ ਕਿਸੇ ਵੀ ਗੱਲ ਨੂੰ ਸਿਰਫ਼ ਕੁਝ ਹੀ ਹਫਤਿਆਂ ਵਿਚ ਮਿਟਾਇਆ ਜਾ ਸਕਦਾ ਸੀ। ਇਨ੍ਹਾਂ ਆਰੰਭਿਕ ਮਸੀਹੀਆਂ ਉੱਤੇ ਇਹ ਮੁਸੀਬਤ ਸੀ ਕਿ ਉਨ੍ਹਾਂ ਉੱਤੇ ਮਸੀਹ ਵਿਚ ਵਿਸ਼ਵਾਸ ਦੇ ਰਾਹੀਂ, ਖ਼ੁਦਾ ਦੀ ਸੰਤਾਨ ਬਣਨ ਦਾ ਇਲਜ਼ਾਮ ਸੀ; ਉਹ ਨਵੀਂ ਮਨੁੱਖਤਾ ਦੇ ਰਹਿਨੁਮਾ ਭਾਵ ਇਕ ਨਵੇਂ ਰਾਜ ਦੇ ਮੋਢੀ ਸਨ। ਅੱਜ ਸਦੀਆਂ ਬਾਅਦ ਵੀ ਉਹ ਸਾਡੇ ਨਾਲ ਗੱਲ ਕਰਦੇ ਹਨ। ਸ਼ਾਇਦ ਜੇ ਅਸੀਂ ਵੀ ਉਹੀ ਵਿਸ਼ਵਾਸ ਕਰੀਏ ਜੋ ਉਹ ਕਰਦੇ ਸਨ, ਤਾਂ ਅਸੀਂ ਵੀ ਉਸ ਮੰਜ਼ਿਲ ਨੂੰ ਪਾ ਸਕਦੇ ਹਾਂ ਜੋ ਉਨ੍ਹਾਂ ਨੇ ਪਾਈ ਸੀ।[6]

ਸਾਡੀ ਮੁਸ਼ਕਲ ਅੱਜ ਰਵੱਈਏ ਦੀ ਹੀ ਹੈ। ਕਰੋੜਾਂ ਲੋਕ ਨਰਕ ਨੂੰ ਜਾਣ ਵਾਲੇ ਰਾਹ ਪਏ ਹੋਏ ਹਨ ਅਤੇ ਬਹੁਤਿਆਂ ਨੂੰ ਤਾਂ ਜ਼ਰਾ ਵੀ ਪਰਵਾਹ ਨਹੀਂ ਹੈ। ਕੁਝ ਲੋਕ ਜੋ ਕਦੀ ਯਿਸੂ ਦੇ ਪਿੱਛੇ ਚੱਲਣ ਲੱਗੇ ਸਨ, ਅੱਜ ਉਹ ਦੁਨੀਆਂ ਦੇ ਮੋਹ ਵਿਚ ਫ਼ਸ ਗਏ ਹਨ ਅਤੇ ਬਹੁਤੇ ਲੋਕ ਇਸ ਵੱਲ ਧਿਆਨ ਨਹੀਂ ਦਿੰਦੇ। *ਖ਼ੁਦਾ ਸਾਡੀ ਮਦਦ ਕਰੇ ਕਿ ਅਸੀਂ ਇਸ ਉੱਤੇ ਧਿਆਨ ਦਈਏ!*

---

ਟਿੱਪਣੀਆਂ

[1]''ਖਰੇ ਦਿਲਾਂ ਦੀ ਤਲਾਸ਼'' ਪਾਠ ਵਿਚ 17:6 ਤੇ ਨੋਟਸ ਵੇਖੋ। [2]ਮੂਲ ਸਰਮਨ ਤੇ ਵੇਰਵੇ ਲਈ ''ਰਸੂਲਾਂ ਦੇ ਕੰਮ, 1'' ਦੇ ਸਫ਼ਾ 29 ਤੇ ''ਸਰਮਨ ਨੋਟਸ'' ਵੇਖੋ। [3]ਰਸੂਲਾਂ ਦੇ ਕੰਮ 5:13, 14 ਮੁਢਲੀ ਕਲੀਸੀਆ ਵਿਚ ਜ਼ਬਰਦਸਤ ਅਨੁਸ਼ਾਸਨ ਦਾ ਪਤਾ ਲਗਦਾ ਹੈ। [4]ਧਿਆਨ ਦਿਓ ਕਿ ਯਿਸੂ ਦੀ ਮਹਾਨ ਆਗਿਆ (ਗ੍ਰੇਟ ਕਮਿਸ਼ਨ) ਵਿਚ ਚਾਰ ''ਸਭ'' ਯਾਨੀ ਕਿ *ਸੱਭ* ਅਧਿਕਾਰ, ਸਭ ਕੌਮਾਂ, ਸਭ ਗੱਲਾਂ ਜੋ ਯਿਸੂ ਨੇ ਉਨ੍ਹਾਂ ਨੂੰ ਸਿਖਾਈਆਂ ਸਨ, ਅਤੇ *ਹਮੇਸ਼ਾ,* ਮਿਲਦੇ ਹਨ। [5]ਫ਼ਿਲਿਪ ਸ਼ੈਫ਼, *ਹਿਸਟਰੀ ਆਫ਼ ਦ ਕ੍ਰਿਸਚਿਅਨ ਚਰਚ,* ਅੰਕ 2, *ਐਂਟੀ ਨਾਈਸੀਨ ਕ੍ਰਿਸਚਿਐਨਿਟੀ 100ਈ.* (ਨਿਊ ਯਾਰਕ: ਚਾਰਲਸ ਸਕ੍ਰਿਬਨਰਜ਼ ਸੰਜ਼, 1910; ਰਿਪ੍ਰੋ. ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1973), 20-21. [6]ਜੇ. ਬੀ. ਫ਼ਿਲਿਪਸ, *ਲੈਟਰਜ਼ ਟੂ ਚਰਚਜ਼* (ਨਿਊ ਯਾਰਕ: ਮੈਕਮਿਲਨ ਕੰ., 1958), 13.

© 2009 Truth for Today